# Official Spokesperson's response to media queries on China’s Land Boundary Law

**October 27, 2021**

---

## ਚੀਨ ਦੇ ਜ਼ਮੀਨੀ ਸਰਹੱਦ ਕਾਨੂੰਨ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**27 ਅਕਤੂਬਰ, 2021**

**ਚੀਨ ਦੇ ਜ਼ਮੀਨੀ ਸਰਹੱਦ ਕਾਨੂੰਨ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:**

"ਅਸੀਂ ਵੇਖਿਆ ਹੈ ਕਿ ਚੀਨ ਨੇ 23 ਅਕਤੂਬਰ 2021 ਨੂੰ ਇੱਕ ਨਵਾਂ "ਜ਼ਮੀਨੀ ਸਰਹੱਦ ਕਾਨੂੰਨ" ਪਾਸ ਕੀਤਾ ਹੈ। ਇਸ ਕਾਨੂੰਨ ਵਿੱਚ ਹੋਰਨਾਂ ਚੀਜ਼ਾਂ ਤੋਂ ਛੁੱਟ ਇਹ ਵੀ ਸ਼ਾਮਲ ਹੈ ਕਿ ਜ਼ਮੀਨੀ ਸਰਹੱਦ ਸਬੰਧੀ ਮਾਮਲਿਆਂ 'ਚ ਚੀਨ ਹੋਰਨਾਂ ਦੇਸ਼ਾਂ ਨਾਲ ਹੋਇਆਂ ਸਾਂਝੀਆਂ ਸੰਧੀਆਂ ਦੀ ਪਾਲਣਾ ਕਰਦਾ ਹੈ। ਇਸ ਵਿੱਚ ਸਰਹੱਦੀ ਖੇਤਰਾਂ ਵਿੱਚ ਜ਼ਿਲ੍ਹਿਆਂ ਦਾ ਪੁਨਰਗਠਨ ਕਰਨ ਦਾ ਵੀ ਪ੍ਰਾਵਧਾਨ ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਭਾਰਤ ਅਤੇ ਚੀਨ ਦਰਮਿਆਨ ਸਰਹੱਦ ਦਾ ਮਸਲਾ ਅਜੇ ਵੀ ਹੱਲ ਨਹੀਂ ਹੋਇਆ ਹੈ। ਦੋਵੇਂ ਧਿਰਾਂ ਨੇ ਬਰਾਬਰੀ ਨਾਲ ਸਲਾਹ-ਮਸ਼ਵਰੇ ਰਾਹੀਂ ਸਰਹੱਦੀ ਸਵਾਲ ਦਾ ਨਿਰਪੱਖ, ਵਾਜਬ ਅਤੇ ਆਪਸੀ ਪ੍ਰਵਾਨਤ ਹੱਲ ਕੱਢਣ ਲਈ ਸਹਿਮਤੀ ਦਿੱਤੀ ਹੈ। ਅੰਤਰਿਮ ਵਕਫ਼ੇ ‘ਚ ਅਸੀਂ ਭਾਰਤ-ਚੀਨ ਸਰਹੱਦੀ ਖੇਤਰਾਂ ਵਿੱਚ ਅਸਲ ਕੰਟਰੋਲ ਰੇਖਾ ਉੱਤੇ ਅਮਨ ਅਤੇ ਸ਼ਾਂਤੀ ਬਣਾਈ ਰੱਖਣ ਲਈ ਕਈ ਦੁਵੱਲੇ ਸਮਝੌਤੇ, ਪ੍ਰੋਟੋਕੋਲ ਅਤੇ ਵਿਵਸਥਾਵਾਂ ਵੀ ਕੀਤੀਆਂ ਹਨ।

ਇਸ ਸਬੰਧ ਵਿੱਚ ਚੀਨ ਵੱਲੋਂ ਅਜਿਹਾ ਕਾਨੂੰਨ ਲਿਆਉਣ ਦਾ ਇੱਕਪਾਸੜ ਫੈਸਲਾ, ਜਿਸ ਨਾਲ ਸਰਹੱਦ ਪ੍ਰਬੰਧਨ ਦੇ ਨਾਲ-ਨਾਲ ਸਰਹੱਦੀ ਸਵਾਲ 'ਤੇ ਸਾਡੇ ਮੌਜੂਦਾ ਦੁਵੱਲੀ ਵਿਵਸਥਾ ‘ਤੇ ਪ੍ਰਭਾਵ ਪੈ ਸਕਦਾ ਹੈ, ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਇਸ ਤਰ੍ਹਾਂ ਦੇ ਇਕਪਾਸੜ ਕਦਮ ਦਾ ਉਨ੍ਹਾਂ ਵਿਵਸਥਾਵਾਂ 'ਤੇ ਕੋਈ ਅਸਰ ਨਹੀਂ ਪਵੇਗਾ ਜੋ ਦੋਵੇਂ ਧਿਰਾਂ ਪਹਿਲਾਂ ਹੀ ਕਰ ਚੁੱਕੀਆਂ ਹਨ, ਭਾਵੇਂ ਇਹ ਸਰਹੱਦ ਦੇ ਸਵਾਲ ਜਾਂ ਭਾਰਤ-ਚੀਨ ਸਰਹੱਦੀ ਖੇਤਰਾਂ ਵਿਚ ਅਸਲ ਕੰਟਰੋਲ ਰੇਖਾ ਉੱਤੇ ਅਮਨ ਅਤੇ ਸ਼ਾਂਤੀ ਬਣਾਈ ਰੱਖਣ ਨਾਲ ਸਬੰਧਤ ਹੋਵੇ। ਅਸੀਂ ਇਹ ਵੀ ਉਮੀਦ ਕਰਦੇ ਹਾਂ ਕਿ ਚੀਨ ਇਸ ਕਾਨੂੰਨ ਦੇ ਬਹਾਨੇ ਅਜਿਹੀ ਕਾਰਵਾਈ ਕਰਨ ਤੋਂ ਗੁਰੇਜ਼ ਕਰੇਗਾ ਜਿਸ ਨਾਲ ਭਾਰਤ-ਚੀਨ ਸਰਹੱਦੀ ਖੇਤਰਾਂ ਵਿੱਚ ਸਥਿਤੀ ਇਕਪਾਸੜ ਤੌਰ 'ਤੇ ਬਦਲ ਸਕਦੀ ਹੈ।

ਇਸ ਤੋਂ ਛੁੱਟ ਸਾਡੇ ਵਿਚਾਰ ਅਨੁਸਾਰ ਇਸ ਨਵੇਂ ਕਾਨੂੰਨ ਦੇ ਪਾਸ ਹੋਣ ਨਾਲ 1963 ਦੇ ਅਖੌਤੀ ਚੀਨ ਪਾਕਿਸਤਾਨ "ਸਰਹੱਦ ਸਮਝੌਤਾ" ਨੂੰ ਕੋਈ ਜਾਇਜ਼ ਮੁਕਾਮ ਨਹੀਂ ਮਿਲਦਾ ਹੈ, ਜਿਸ ਨੂੰ ਭਾਰਤ ਸਰਕਾਰ ਲਗਾਤਾਰ ਗੈਰ-ਕਾਨੂੰਨੀ ਅਤੇ ਅਵੈਧ ਸਮਝੌਤਾ ਠਹਿਰਾਉਂਦੀ ਰਹੀ ਹੈ।"

ਨਵੀਂ ਦਿੱਲੀ
27 ਅਕਤੂਬਰ, 2021

DISCLAIMER: This is an approximate translation. The original is available in English on MEA’s website and may be referred to as the official press release.